# ਲੋਹੜੀ ਦਾ ਤਿਓਹਾਰ

ਲੋਹੜੀ ਦਾ ਨਾਮ ਸੁਣਦਿਆਂ ਹੀ ਨਿੱਘਾ ਜਿਹਾ ਸੇਕ ਆਉਣਾ ਸ਼ੁਰੂ ਹੋ ਜਾਂਦਾ ਹੈ। ਆਸ ਦੀ ਇਕ ਕਿਰਨ ਦਿਖਾਈ ਦੇਣ ਲੱਗ ਪੈਂਦੀ ਹੈ। ਲੱਗਦਾ ਹੈ ਕਿ ਲੋਹੜੀ ਦਾ ਸੇਕ ਸਾਰੇ ਦੁੱਖ, ਮੁਸ਼ਕਿਲਾਂ, ਉਦਾਸੀ,ਦਲਿੱਦਰ ਦੂਰ ਕਰਕੇ, ਜ਼ਿੰਦਗੀ ਵਿਚ ਇਕ ਨਵੀਂ ਰੂਹ ਫੂਕੇਗਾ। ਸਰਦੀਆਂ ਦੇ ਹਨੇਰੇ ਦਿਨਾਂ ਵਿਚ ਚਾਨਣ ਤੇ ਨਿੱਘ ਭਰ ਦੇਵੇਗਾ ਤੇ ਪੰਜਾਬੀ ਲੋਕਾਂ ਵਿੱਚ ਆਪਸੀ ਪਿਆਰ, ਮੁਹੱਬਤ ਅਤ ਮਿਲਾਪ ਪੈਦਾ ਕਰੇਗਾ। ਤਾਂ ਹੀ ਤਾਂ ਇਸ ਖੁਸ਼ੀਆਂ ਭਰੇ ਤਿਓਹਾਰ ਦੀ ਕਰਦਾ ਹੈ "ਹਰ ਕੋਈ ਇੰਤਜ਼ਾਰ।"

ਲੋਹੜੀ ਹਰ ਸਾਲ ਦੇਸੀ ਮਹੀਨੇ ਪੋਹ ਦੇ ਆਖਰੀ ਦਿਨ ਮਨਾਈ ਜਾਂਦੀ ਹੈ। ਕੁੱਝ ਦਿਨ ਪਹਿਲਾਂ ਹੀ ਬੱਚੇ ਗੁਆਂਢੀ ਘਰਾਂ ਤੋਂ ਲੋਹੜੀ ਮੰਗਣ ਜਾਂਦੇ ਹਨ। ਬੱਚੇ ਤਰ੍ਹਾਂ ਤਰ੍ਹਾਂ ਦੇ ਗੀਤ ਗਾ ਕੇ ਲੋਕਾਂ ਨੂੰ ਰਿਝਾਉਂਦੇ ਹਨ ਤਾਂ ਕਿ ਉਨ੍ਹਾਂ ਨੂੰ ਖੂਬ ਸਾਰੀ ਲੋਹੜੀ ਮਿਲੇ। ਲੋਹੜੀ ਵਿਚ ਗੁਆਂਢੀ ਉਨ੍ਹਾਂ ਨੂੰ ਰਿਉੜੀਆਂ, ਤਿੱਲ, ਗਚਕ, ਗੁੜ, ਮੁੰਗਫਲੀਆਂ, ਮੱਕੀ ਦੇ ਭੁੰਨੇ ਹੋਏ ਦਾਨੇ ਇਥੋਂ ਤੱਕ ਕੇ ਬਾਲਣ ਵੀ ਦੇਂਦੇ ਹਨ। ਲੋਕੀ ਹੱਸ ਹੱਸ ਕੇ ਬੱਚਿਆਂ ਦੀਆਂ ਝੋਲੀਆਂ ਭਰਦੇ ਰਹਿੰਦੇ ਹਨ।

ਲੋਹੜੀ ਦਾ ਤਿਓਹਾਰ ਕਿਵੇਂ ਸ਼ੁਰੂ ਹੋਇਆ? ਕਿਉਂ ਮਨਾਇਆ ਜਾਂਦਾ ਹੈ? ਇਸ ਨਾਲ ਹੋਰ ਵੀ ਕਈ ਤਰ੍ਹਾਂ ਦੇ ਵਿਚਾਰ ਜੁੜੇ ਹੋਏ ਹਨ। ਕਈਆਂ ਦਾ ਯਕੀਨ ਹੈ ਕਿ ਲੋਹੜੀ, ਲੋਹ ਸ਼ਬਦ ਤੋਂ ਬਣੀ ਹੈ ਜੋ ਕਿ ਵੱਡਾ ਸਾਰਾ ਤਵਾ ਹੁੰਦਾ ਹੈ ਤੇ ਇਸ ਉੱਪਰ ਸਾਰੇ ਰੋਟੀਆਂ ਪਕਾਈਆਂ ਜਾਂਦੀਆਂ ਹਨ।

ਇਸ ਦਿਨ ਤਿੱਲ ਤੇ ਰਿਉੜੀ ਜ਼ਰੂਰ ਖਾਂਦੇ ਹਨ ਤੇ ਕਈਆਂ ਦਾ ਕਹਿਣਾ ਹੈ ਕਿ ਤਿੱਲ ਤੇ ਰਿਉੜੀ ਨੂੰ ਮਿਲਾ ਕੇ ਤਿਲਹੋੜੀ ਬਣਦਾ ਹੈ ਤੇ ਉਸਨੂੰ ਛੋਟਾ ਕਰਕੇ ਲੋਹੜੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਇਕ ਇਹ ਵੀ ਵਿਚਾਰ ਹੈ ਕਿ ਲੋਹੜੀ "ਲੋੜ" ਲਫਜ਼ ਤੋਂ ਨਿਕਲਿਆ ਹੈ। ਇਹ ਤਿਓਹਾਰ ਪੰਜਾਬ ਦੇ ਲੋਕੀ ਆਪਣੀ ਜ਼ਿੰਦਗੀ ਦੀਆਂ ਲੋੜਾਂ, ਖਾਸ ਕਰਕੇ ਪੈਦਾਵਾਰ, ਉਪਜ ਜਾਨੀ ਕਿ fertility ਜਿਹੀਆਂ ਲੋੜਾਂ ਨੂੰ ਮੁੱਖ ਰੱਖ ਕੇ ਨਾਚ ਗੀਤ ਰਾਹੀਂ ਮਨਾਂਉਂਦੇ ਹਨ। ਇਸਤਰ੍ਹਾਂ ਲੋਕੀ ਆਪਣੀਆਂ ਉਮੰਗਾਂ ਅਤੇ ਲੋੜਾਂ ਦਾ ਪ੍ਰਗਟਾਵਾ ਕਰਦੇ ਹਨ ਤਾਂ ਜੋ ਬੀਜੀਆਂ ਹੋਈਆਂ ਫਸਲਾਂ ਖਾਸ ਕਰਕੇ ਕਣਕਾਂ ਦੀ ਚੰਗੀ ਫਸਲ ਹੋਵੇ। ਇਸਦੇ ਨਾਲ ਹੀ ਨਵੇ ਜੰਮੇ ਬਾਲਾਂ ਦੀ ਖੁਸ਼ੀ ਮਨਾਈ ਜਾਂਦੀ ਹੈ। ਨਵੇ ਵਿਆਹੇ ਜੋੜਿਆਂ ਦੀ ਲਈ ਔਲਾਦ ਦੀ ਕਾਮਨਾ ਕੀਤੀ ਜਾਂਦੀ

ਹੈ । ਨੌਜਵਾਨਾਂ ਨੂੰ ਜੀਵਨ ਸਾਥੀ ਚੁਣਨ ਲਈ ਵੀ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਵਿਆਹ ਕਰਨ ਲਈ ਤਿਆਰ ਬਰ ਤਿਆਰ ਹੋ ਜਾਣ।

ਲੋਹੜੀ ਦਾ ਗੂੜਾ ਸਬੰਧ, ਕੁੱਦਰਤ ਦੇ ਬਣਾਏ, ਅੱਗ, ਮੌਸਮ ਤੇ ਰੁੱਤਾਂ ਨਾਲ ਹੈ। ਕੜਾਕੇ ਦੀ ਠੰਡ ਦੇ ਬਾਅਦ ਸੂਰਜ ਦੀ ਦਿਸ਼ਾ ਥੋੜੀ ਬਦਲ ਜਾਂਦੀ ਹੈ ਤੇ ਹੌਲੀ ਹੌਲੀ ਕਰਕੇ ਮੌਸਮ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਇਸ ਦਿਨ ਲੋਕੀ ਸੂਰਜ ਤੇ ਅੱਗ ਦੋਨਾਂ ਦੀ ਸਿਫਤ ਸਲਾਹ ਕਰਦੇ ਹਨ ਕਿਉਂਕਿ ਦੋਨੋਂ ਹੀ ਜੀਵਨ ਦੇ ਪਰਤੀਕ ਹਨ। ਜਿੱਥੇ ਫਸਲਾਂ ਲਈ ਸੂਰਜ ਦੀ ਲੋਅ ਬਹੁਤ ਜ਼ਰੂਰੀ ਹੈ ਉਥੇ ਅਗੱ ਵੀ ਮਨੁੱਖਤਾ ਲਈ ਉਨਾ ਹੀ ਮਹੱਤਵ ਰੱਖਦੀ ਹੈ। ਪੁਰਾਨੇ ਸਮਿਆਂ ਵਿਚ ਚੁਰਾਹਿਆਂ ਤੇ ਇਕੱਠੇ ਕੀਤੇ ਹੋਏ ਬਾਲਣ ਪਾਥੀਆਂ, ਸੱਕ,ਸਿੱਕੜ, ਲੱਕੜਾਂ ਨਾਲ ਵੱਡੀ ਧੂਣੀ ਬਾਲੀ ਜਾਂਦੀ ਸੀ ਤੇ ਆਸ ਪਾਸ ਪਿੰਡਾਂ ਦੇ ਸਾਰੇ ਲੋਕ ਇਕੱਠੇ ਹੋਕੇ ਇਸ ਦੇ ਦੁਆਲੇ ਤਿੱਲ, ਗਚਕ, ਰਿਓੜੀਆਂ ਆਦਿ ਅੱਗ ਵਿਚ ਪਾਉਂਦੇ ਸਨ ਅਤੇ ਇਹੀ ਮਿਲਕੇ ਖਾਂਦੇ ਸਨ। ਇੱਕਠੇ ਮਿਲ ਬੈਠ ਤੇ ਖਾਣ ਪੀਣ ਨਾਲ ਜਾਤ ਪਾਤ ਅਤੇ ਵੱਖ ਵੱਖ ਮਜਹਬਾਂ ਨੂੰ ਇਕ ਪਾਸੇ ਰੱਖ ਕੇ ਏਕਤਾ ਪੈਦਾ ਕੀਤੀ ਜਾਂਦੀ ਸੀ ਤੇ ਆਪਸੀ ਮੇਲ ਮਿਲਾਪ ਵਿਚ ਵਾਧਾ ਹੁੰਦਾ ਸੀ, ਰਿਸ਼ਤੇ ਕਾਇਮ ਹੁੰਦੇ ਸਨ ਤੇ ਇਕਜੁੱਟਤਾ ਵੱਧਦੀ ਸੀ। ਇਸਦੇ ਨਾਲ ਹਮਦਰਦੀ ਅਤੇ ਪਿਆਰ ਉਭਰਦਾ ਸੀ। ਰੁਸਿੱਆਂ ਨੂੰ ਮਨਾਉਣ ਦਾ ਵੀ ਇਹ ਇਕ ਸੁਨਹਿਰੀ ਮੌਕਾ ਮੰਨਿਆ ਜਾਂਦਾ ਹੈ। ਲੋਹੜੀ ਦਾ ਤਿਉਹਾਰ ਸਮਾਜ ਤੇ ਕੌਮ ਦੀ ਏਕਤਾ ਦਾ ਪ੍ਰਤੀਕ ਹੈ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਚ ਹਰ ਥਾਂ ਤੇ ਲੋਹੜੀ ਦੀ ਰੋਸ਼ਨੀ ਦਿਖਾਈ ਦੇਂਦੀ ਹੈ। ਅੱਜ ਕੱਲ ਲੋਕਾਂ ਵਿਚ ਖੇਤਾਂ ਵਿਚ ਜਾਂ ਆਪਣੇ ਹੀ ਘਰਾਂ ਦੇ ਵਿਹੜੇ ਵਿਚ ਗੋਹੇ ਦੀਆਂ ਪਾਥੀਆਂ ਯਾਂ ਲੱਕੜਾਂ ਨੂੰ ਬਾਲਕੇ ਲੋਹੜੀ ਮਨਾਉਂਣ ਦਾ ਰਿਵਾਜ਼ ਵੱਧਦਾ ਜਾਂਦਾ ਹੈ। ਯਾਰ ਦੋਸਤ, ਰਿਸ਼ਤੇਦਾਰ ਸਾਰੇ ਇਕ ਥਾਂ ਤੇ ਇਕੱਠੇ ਹੋ ਕੇ ਲੋਹੜੀ ਦਾ ਆਨੰਦ ਮਾਣਦੇ ਹਨ। ਇਕ ਦੂਜੇ ਨੂੰ ਹਿੰਮਤੀ ਅਤੇ ਦਲੇਰ ਬਨਣ, ਰੱਜ ਕੇ ਮਿਹਨਤ ਕਰਨ, ਆਪਣੇ ਕਾਰਜ ਆਪਣੇ ਹੱਥੀਂ ਸੁਆਰਨ ਦੀ ਸਮਰੱਥਾ ਵੀ ਲੋਹੜੀ ਦਾ ਇਹ ਤਿਓਹਾਰ ਪੈਦਾ ਕਰਦਾ ਹੈ। ਜਿੱਥੇ ਮੁਟਿਆਰਾਂ ਰੰਗ ਬਿਰੰਗੇ ਕਪੜੇ ਤੇ ਗਹਿਣੇ ਪਾਕੇ ਸਜਦੀਆਂ ਹਨ ਉੱਥੇ ਗਭਰੂ ਵੀ ਕੋਈ ਘੱਟ ਨਹੀਂ। ਉਹ ਵੀ ਰੰਗ ਬਿਰੰਗੇ ਕਪੜੇ, ਉਸੇ ਰੰਗ ਦੀ ਪੱਗ ਬਣ ਕੇ ਪੂਰੀ ਸ਼ਾਨ ਸ਼ੌਕਤ ਨਾਲ ਲੋਹੜੀ ਮਨਾਉਂਦੇ ਹਨ।

ਲੋਹੜੀ ਵਾਲੇ ਦਿਨ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਵਿਚ ਤਰਦਾ ਤਰਦਾ ਮੱਖਣ ਤੇ ਘਿਓ, ਨਾਂ ਲੈਂਦਿਆਂ ਹੀ ਪੰਜਾਬ ਪਹੁੰਚ ਜਾਈਦਾ ਹੈ ਤੇ ਮੂੰਹ ਚੋਂ ਲਾਰਾਂ ਟੱਪਕੱਣ ਲੱਗ ਪੈਂਦੀਆਂ ਹਨ।

ਪੰਜਾਬ ਦੀ ਇਤਿਹਾਸਕ ਲੋਹੜੀ ਦੀ ਇਕ ਹੋਰ ਵਿਲੱਖਣਤਾ ਇਹ ਹੈ ਕਿ ਇਸਨੇ ਦੇਸ ਪੰਜਾਬ ਦੇ ਇਕ ਵੱਡੇ ਲੋਕ ਨਾਇਕ, ਦੁੱਲਾ ਭੱਟੀ ਦੀ ਯਾਦ ਸੰਭਾਲ ਕੇ ਰੱਖੀ ਹੋਈ ਹੈ। ਇਸ

ਮੌਕੇ ਉਸਦੇ ਕਾਰਨਾਮਿਆਂ ਤੇ ਉਸਦੀ ਸਮਾਜ ਅਤੇ ਲੋਕਾਂ ਲਈ ਦਿੱਤੀ ਕੁਰਬਾਨੀ ਨੂੰ ਯਾਦ ਕਰਕੇ ਉਸਦੇ ਗੀਤ ਗਾਏ ਜਾਂਦੇ ਹਨ।

ਦੁੱਲਾ ਭੱਟੀ ਨੇ ਮੁਗਲ ਸਾਮਰਾਜ ਦੇ ਖਿਲਾਫ ਪੰਜਾਬ ਦੇ ਹੱਕਾਂ ਲਈ ਸੰਘਰਸ਼ ਨੂੰ ਲਾਮਬੰਧ ਕੀਤਾ। ਜਿਨ੍ਹਾਂ ਪੰਜਾਬਣਾਂ ਨੂੰ ਮੁਗਲ ਚੁੱਕ ਕੇ ਲੈ ਜਾਂਦੇ ਸਨ, ਵਾਪਸ ਮੁੜ ਕੇ ਉਨ੍ਹਾਂ ਨੂੰ ਸਮਾਜ ਵੀ ਰੱਖਣ ਲਈ ਤਿਆਰ ਨਹੀਂ ਸੀ ਹੁੰਦਾ। ਦੁੱਲਾ ਭੱਟੀ ਨੇ ਇਹ ਮੁਹਿੰਮ ਚਲਾਈ ਕਿ ਜ਼ੁਲਮ ਦਾ ਸ਼ਿਕਾਰ ਹੋਈਆਂ ਇਨ੍ਹਾਂ ਕੁੜੀਆਂ ਦੇ ਵਿਆਹ ਕਰਾਕੇ ਉਨ੍ਹਾਂ ਨੂੰ ਮੁੜ ਸਮਾਜ ਵਿਚ ਵਸਾਇਆ ਜਾਵੇ।

ਅੱਜ ਵੀ ਪੰਜਾਬ ਵਿਚ ਲੋਹੜੀ ਦੇ ਇਸ ਪੁਰਾਤਨ ਤਿਉਹਾਰ ਨੂੰ ਸਾਰੇ ਹੀ ਪੰਜਾਬੀ ਬੜੇ ਉਤਸ਼ਾਹ ਨਾਲ ਮਨਾ ਰਹੇ ਹਨ। ਇਹ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ ਬਲਕੇ ਦੁਨੀਆਂ ਭਰ ਵਿਚ ਜਿੱਥੇ ਜਿੱਥੇ ਵੀ ਪੰਜਾਬੀ ਆਣ ਵੱਸੇ ਹਨ, ਲੋਹੜੀ ਦਾ ਤਿਉਹਾਰ ਬੜੀ ਸ਼ਾਨ ਸ਼ੌਕਤ ਤੇ ਰੀਤੀ ਰਿਵਾਜ਼ਾਂ ਮੁਤਾਬਿਕ ਮਨਾਇਆ ਜਾਂਦਾ ਹੈ।

ਇਹੋ ਜਿਹੇ ਤਿਉਹਾਰ ਮਨਾਕੇ ਕੌਮਾਂ ਜੀਵਤ, ਬਲਵਾਨ ਤੇ ਤੰਦਰੁਸਤ ਰਹਿੰਦੀਆਂ ਹਨ। ਆਪਸੀ ਪਿਆਰ, ਮੇਲ ਮਿਲਾਪ ਵੱਧਦਾ ਹੈ ਤੇ ਕੌਮਾਂ ਹਮੇਸ਼ਾਂ ਪ੍ਰਫੁੱਲਤ ਹੁੰਦੀਆਂ ਹਨ।